20228542
11/7/22

**ਦਫਤਰ ਡਾਇਰੈਕਟਰ ਸਿੱਖਿਆ ਵਿਭਾਗ (ਸੈ.ਸਿ.) ਪੰਜਾਬ**
**ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ, ਈ-ਬਲਾਕ, ਚੋਥੀ ਮੰਜ਼ਿਲ, ਫੇਜ - 8, ਸ.ਅ.ਸ. ਨਗਰ**

ਵੱਲ,

ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈਸਿ),
ਪੰਜਾਬ ਰਾਜ ਵਿੱਚ।

11/7/22

ਮੀਮੋ ਨੰ. 344459/2022181827
ਮਿਤੀ, ਐਸ.ਏ.ਐਸ. ਨਗਰ: 11/07/2022

ਵਿਸ਼ਾ:- **ਸਿੱਖਿਆ ਵਿਭਾਗ ਦੇ ਅਧਿਕਾਰੀਆਂ/ ਕਰਮਚਾਰੀਆਂ ਵੱਲੋਂ ਲਈ ਜਾਂਦੀ ਵਿਦੇਸ਼ ਛੁੱਟੀ/ ਹੋਰ ਛੁੱਟੀਆਂ ਸਬੰਧੀ।**

1.0 ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਇਹ ਧਿਆਨ ਵਿੱਚ ਆਇਆ ਹੈ ਕਿ ਸਿੱਖਿਆ ਵਿਭਾਗ ਦੇ ਅਧਿਕਾਰੀਆਂ/ ਕਰਮਚਾਰੀਆਂ ਵੱਲੋਂ ਅਪਲਾਈ ਕੀਤੀ ਜਾਂਦੀ ਵਿਦੇਸ਼ ਛੁੱਟੀ/ ਹੋਰ ਛੁੱਟੀਆਂ ਈ-ਪੰਜਾਬ ਪੋਰਟਲ ਤੇ ਆਨ-ਲਾਈਨ ਪ੍ਰਵਾਨ ਹੋਣ ਤੋਂ ਪਹਿਲਾਂ ਹੀ ਫਲਾਈਟ ਦੀਆਂ ਟਿਕਟਾਂ ਜਾਂ ਯਾਤਰਾ ਸਬੰਧੀ ਹੋਰ ਲੋੜੀਂਦੀਆਂ ਬੁਕਿੰਗਜ਼ ਪਹਿਲਾਂ ਹੀ ਕਰਵਾ ਲਈਆਂ ਜਾਂਦੀਆ ਹਨ ਜੋ ਕਿ ਗਲਤ ਹੈ।

ਉਪਰੋਕਤ ਦੇ ਸਨਮੁੱਖ ਇਹ ਹਦਾਇਤ ਕੀਤੀ ਜਾਂਦੀ ਹੈ ਕਿ ਆਪ ਦੇ ਜਿਲ੍ਹੇ ਵਿੱਚ ਤਾਇਨਾਤ ਸਮੂਹ ਅਧਿਕਾਰੀਆਂ/ ਕਰਮਚਾਰੀਆਂ ਦੇ ਧਿਆਨ ਵਿੱਚ ਲਿਆ ਦਿੱਤਾ ਜਾਵੇ ਕਿ ਉਹਨਾਂ ਵੱਲੋਂ ਈ-ਪੰਜਾਬ ਪੋਰਟਲ ਤੇ ਆਨ-ਲਾਈਨ ਅਪਲਾਈ ਕੀਤੀ ਜਾਂਦੀ ਵਿਦੇਸ਼ ਛੁੱਟੀ/ ਹੋਰ ਛੁੱਟੀਆਂ ਪ੍ਰਵਾਨ ਹੋਣ ਉਪਰੰਤ ਹੀ ਫਲਾਈਟ ਦੀਆਂ ਟਿਕਟਾਂ ਜਾਂ ਯਾਤਰਾ ਸਬੰਧੀ ਹੋਰ ਲੋੜੀਂਦੀਆਂ ਬੁਕਿੰਗਜ਼ ਕਰਵਾਈਆਂ ਜਾਣ।

2.0 ਇਹ ਵੀ ਧਿਆਨ ਵਿੱਚ ਆਇਆ ਹੈ ਕਿ ਵੱਖ-ਵੱਖ ਅਧਿਕਾਰੀਆਂ/ ਕਰਮਚਾਰੀਆਂ ਦੀਆਂ ਛੁੱਟੀਆਂ ਸਬੰਧਤ ਜਿਲ੍ਹਾ ਸਿੱਖਿਆ ਅਫਸਰਾਂ ਵੱਲੋਂ ਆਨ-ਲਾਈਨ ਪੋਰਟਲ ਤੇ ਨੱਥੀ ਦਸਤਾਵੇਜ਼ ਚੈੱਕ ਕੀਤੇ ਬਿਨਾਂ ਹੀ ਮੁੱਖ ਦਫਤਰ ਨੂੰ ਫਾਰਵਰਡ ਕਰ ਦਿੱਤੀਆਂ ਜਾਂਦੀਆਂ ਹਨ ਜਿਸ ਨਾਲ ਅਧਿਕਾਰੀਆਂ/ ਕਰਮਚਾਰੀਆਂ ਦੀਆਂ ਛੁੱਟੀਆਂ ਤੇ ਇਤਰਾਜ਼ ਲਗਾ ਕੇ ਮੁੜ ਤੋਂ ਦਸਤਾਵੇਜ਼ ਮੁਕੰਮਲ ਕਰਵਾਉਣੇ ਪੈਂਦੇ ਹਨ ਅਤੇ ਛੁੱਟੀਆਂ ਦਾ ਨਿਪਟਾਰਾ ਕਰਨ ਵਿੱਚ ਬੇਲੋੜੀ ਦੇਰੀ ਹੁੰਦੀ ਹੈ। ਇਸ ਲਈ ਇਹ ਹਦਾਇਤ ਕੀਤੀ ਜਾਂਦੀ ਹੈ ਕਿ ਕਿਸੇ ਵੀ ਅਧਿਕਾਰੀ/ ਕਰਮਚਾਰੀ ਦੀ ਛੁੱਟੀ ਈ-ਪੰਜਾਬ ਪੋਰਟਲ ਤੇ ਮੁੱਖ ਦਫਤਰ ਨੂੰ ਫਾਰਵਰਡ ਕਰਨ ਤੋਂ ਪਹਿਲਾਂ ਛੁੱਟੀ ਨਾਲ ਨੱਥੀ ਦਸਤਾਵੇਜ਼ਾਂ ਨੂੰ ਚੰਗੀ ਤਰ੍ਹਾਂ ਚੈੱਕ ਕਰਕੇ ਹੀ ਛੁੱਟੀ ਮੁੱਖ ਦਫਤਰ ਨੂੰ ਭੇਜੀ ਜਾਵੇ। ਇਸ ਤੋਂ ਇਲਾਵਾ ਇਹ ਵੀ ਸੁਨਿਸ਼ਚਿਤ ਕੀਤਾ ਜਾਵੇ ਕਿ ਛੁੱਟੀ ਨਾਲ ਲੋੜੀਂਦੇ ਸਰਟੀਫਿਕੇਟ, ਆਦਿ ਨੱਥੀ ਕੀਤੇ ਗਏ ਹਨ।

3.0 ਉਪਰੋਕਤ ਤੋਂ ਇਲਾਵਾ ਇਹ ਵੀ ਧਿਆਨ ਵਿੱਚ ਆਇਆ ਹੈ ਕਿ ਕਈ ਅਧਿਕਾਰੀ/ ਕਰਮਚਾਰੀ ਆਪਣੀ ਪ੍ਰਵਾਨ ਹੋਈ ਛੁੱਟੀ ਅਵੇਲ ਕਰਨ ਉਪਰੰਤ ਨਿਰਧਾਰਤ ਸਮੇਂ ਤੇ ਆਪਣੇ ਪੋਸਟਿੰਗ ਸਟੇਸ਼ਨ ਤੇ ਹਾਜ਼ਰ ਨਹੀਂ ਹੁੰਦੇ ਅਤੇ ਉਹਨਾਂ ਵੱਲੋਂ ਪ੍ਰਵਾਨ ਹੋਈ ਛੁੱਟੀ ਤੋਂ ਵੱਧ ਛੁੱਟੀ ਅਵੇਲ ਕਰ ਲਈ

ਜਾਂਦੀ ਹੈ, ਜਦੋਂ ਕਿ ਸਬੰਧਤ ਅਧਿਕਾਰੀ/ ਕਰਮਚਾਰੀ ਵੱਲੋਂ ਛੁੱਟੀ ਅਪਲਾਈ ਕਰਨ ਸਮੇਂ ਇਹ ਅੰਡਰਟੇਕਿੰਗ ਦਿੱਤੀ ਜਾਂਦੀ ਹੈ ਕਿ ਉਸ ਵੱਲੋਂ ਪ੍ਰਵਾਨ ਹੋਈ ਛੁੱਟੀ ਵਿੱਚ ਕੋਈ ਵਾਧਾ ਨਹੀਂ ਕੀਤਾ ਜਾਵੇਗਾ। ਇਸ ਲਈ ਹਦਾਇਤ ਕੀਤੀ ਜਾਂਦੀ ਹੈ ਕਿ ਜੇਕਰ ਕੋਈ ਅਧਿਕਾਰੀ/ ਕਰਮਚਾਰੀ ਆਪਣੀ ਪ੍ਰਵਾਨ ਹੋਈ ਛੁੱਟੀ ਅਵੇਲ ਕਰਨ ਉਪਰੰਤ ਨਿਰਧਾਰਤ ਸਮੇਂ ਤੇ ਆਪਣੀ ਡਿਊਟੀ ਤੇ ਹਾਜ਼ਰ ਨਹੀਂ ਹੁੰਦਾ ਤਾਂ ਸਬੰਧਤ ਜਿਲ੍ਹਾ ਸਿੱਖਿਆ ਅਫਸਰ ਅਤੇ ਸਬੰਧਤ ਸਕੂਲ ਮੁਖੀ ਇਸਦੀ ਸੂਚਨਾ ਤੁਰੰਤ ਮੁੱਖ ਦਫਤਰ ਵਿੱਚ ਪੁੱਜਦੀ ਕਰਨੀ ਯਕੀਨੀ ਬਣਾਉਣਗੇ। ਜੇਕਰ ਕਿਸੇ ਜਿਲ੍ਹਾ ਸਿੱਖਿਆ ਅਫਸਰ ਜਾਂ ਸਕੂਲ ਮੁਖੀ ਵੱਲੋਂ ਅਜਿਹੀ ਸੂਚਨਾ ਭੇਜਣ ਵਿੱਚ ਦੇਰੀ ਕੀਤੀ ਜਾਂਦੀ ਹੈ ਜਾਂ ਸੂਚਨਾ ਮੁੱਖ ਦਫਤਰ ਨੂੰ ਨਹੀਂ ਭੇਜੀ ਜਾਂਦੀ ਤਾਂ ਸਬੰਧਤ ਜਿਲ੍ਹਾ ਸਿੱਖਿਆ ਅਫਸਰ/ ਸਕੂਲ ਮੁਖੀ ਵਿਰੁੱਧ ਸਖਤ ਅਨੁਸ਼ਾਸਨੀ ਕਾਰਵਾਈ ਆਰੰਭੀ ਜਾਵੇਗੀ।

ਇਹਨਾਂ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਯਕੀਨੀ ਬਣਾਈ ਜਾਵੇ।

(signature)

ਡਾਇਰੈਕਟਰ ਸਿੱਖਿਆ ਵਿਭਾਗ (ਸੈਸਿ),
ਪੰਜਾਬ।

ਪਿੱਠ ਅੰਕਣ ਨੰ: ਉਕਤ /2022181828-33 ਮਿਤੀ, ਸਅਸ ਨਗਰ: 11/07/2022

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ/ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਨਿੱਜੀ ਸਕੱਤਰ/ ਪ੍ਰਮੁੱਖ ਸਕੱਤਰ ਸਕੂਲ ਸਿੱਖਿਆ, ਪੰਜਾਬ।
2. ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ।
3. ਡਾਇਰੈਕਟਰ ਸਿੱਖਿਆ ਵਿਭਾਗ (ਐਸਿ), ਪੰਜਾਬ।
4. ਡਾਇਰੈਕਟਰ, ਐਸ.ਸੀ.ਈ.ਆਰ.ਟੀ. ਪੰਜਾਬ।
5. ਡੀ.ਐਮ., ਐਮ.ਆਈ.ਐਸ. ਵਿੰਗ ਨੂੰ ਭੇਜਦੇ ਹੋਏ ਲਿਖਿਆ ਜਾਂਦਾ ਹੈ ਕਿ ਪੱਤਰ ਨੂੰ ਵਿਭਾਗ ਦੀ ਵੈੱਬਸਾਈਟ ਤੇ ਅਪਲੋਡ ਕੀਤਾ ਜਾਵੇ।
6. ਸਹਾਇਕ ਡਾਇਰੈਕਟਰ (ਕੋਆਰਡੀਨੇਸ਼ਨ), ਦਫਤਰ ਡੀ.ਪੀ.ਆਈ. (ਸੈਸਿ) ਪੰਜਾਬ ਨੂੰ ਭੇਜਦੇ ਹੋਏ ਲਿਖਿਆ ਜਾਂਦਾ ਹੈ ਕਿ ਇਹ ਹਦਾਇਤਾਂ ਮੁੱਖ ਦਫਤਰ ਵਿਖੇ ਤਾਇਨਾਤ ਅਧਿਕਾਰੀਆਂ/ ਕਰਮਚਾਰੀਆਂ ਦੇ ਧਿਆਨ ਵਿੱਚ ਲਿਆ ਦਿੱਤੀਆਂ ਜਾਣ।

(signature)

ਡਾਇਰੈਕਟਰ ਸਿੱਖਿਆ ਵਿਭਾਗ (ਸੈਸਿ),
ਪੰਜਾਬ।

ਦਫਤਰ ਜ਼ਿ.ਸਿ.ਅ. ਸਿੱਖਿਆ ਮਾਨਸਾ ਨੂੰ ਕਿ
ਪਿੱਠ ਅੰਕਣ ਨੰ: 2022181959 ਮਾਨਸਾ, ਮਿਤੀ 11/07/2022

ਉਪਰੋਕਤ ਦਾ ਉਤਾਰਾ ਸਮੂਹ ਸਕੂਲ ਮੁਖੀਆਂ ਨੂੰ ਭੇਜ ਕੇ ਹਦਾਇਤ ਕੀਤੀ ਜਾਂਦੀ ਹੈ ਕਿ ਇਹਨਾਂ ਪੱਤਰ ਦੀ ਇੰਨ ਬਿੰਨ ਪਾਲਣਾ ਯਕੀਨੀ ਬਣਾਈ ਜਾਵੇ।

(signature)

ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ.)
ਮਾਨਸਾ